# ਮੇਟਿੰਗ ਡਿਸਰੱਪਸ਼ਨ ਦੀ ਜਾਣਕਾਰੀ ਕੌਡਲਿੰਗ ਮੌਥ ਤੋਂ

2011 ਵਿਚ ਕੋਡਲਿੰਗ ਮੋਥ ਤੋਂ ਏਰੀਆ ਵਾਈਡ ਮਨੇਜਮੈਂਟ ਪਰੋਗਰਾਮ ਆਈਸੋਮੇਟ CM/LR TT ਵਰਤਣ ਦੀ ਯੋਜਨਾ ਬਣਾ ਰਿਹਾ ਹੈ। ਮੇਟਿੰਗ ਡਿਸਰੱਪਸ਼ਨ (MD) ਸਾਰੇ ਏਰੀਏ ਵਿੱਚ ਐਪਲ ਅਤੇ ਪੇਅਰ ਬਲਾਕ ਵਿੱਚ ਜੋਨ 2 ਅਤੇ 3 ਵਿਚ (ਪੀਚਲੈਂਡ ਤੋਂ ਸੈਲਮਨਆਰਮ ) ਐਸ ਆਈ ਆਰ ਦੇ ਹੁਣ ਤੱਕ ਦੇ ਪਰੋਗਰਾਮ ਵਿੱਚ ਲਾਏ ਜਾਣਗੇ। ਇਹ ਮੇਟਿੰਗ ਡਿਸਰੱਪਸ਼ਨ ਪ੍ਰੋਡਕਟ ਕੌਡਲਿੰਗ ਮੌਥ ਨੂੰ ਕੰਟਰੋਲ ਕਰਨਗੇ ਅਤੇ ਫਲ਼ਦਾਰ ਦਰੱਖਤ ਵਿਚ ਯੂਰਪੀਅਨ obliquebanded ਅਤੇ ਤਿੰਨ ਲਾਈਨਾਂ ਵਾਲੇ ਲੀਫਰੋਲਰ (ਆਈ ਸਪੌਟਡ ਬੱਡ ਮੌਥ ਨਹੀਂ) ਨੂੰ ਵੀ ਕੰਟਰੋਲ ਕਰਨ ਵਿੱਚ ਮਦਦ ਕਰਨਗੇ।ਇਹ ਮੱਖੀ ਦੇ ਮਿਲਾਪ ਦੇ ਸਮੇਂ ਨੂੰ ਘੱਟ ਕਰਨਗੇ ।ਜਿਸ ਨਾਲ ਆਂਡੇ ਦੇਣ ਦੀ ਸਮਰੱਥਾ ਘੱਟ ਜਾਵੇਗੀ।

ਜੋਨ 1 ਵਿੱਚ ਬਲਾਕ (ਸਮਰਲੈਂਡ- ਸੋਈਅਸ ) ਏਰੀਆ-ਵਾਈਡ ਸਟਰਾਇਲ ਮੱਖੀ (SIT) ਹਰ ਹਫ਼ਤੇ ਛੱਡੀ ਜਾਇਆ ਕਰੇਗੀ। ਸੰਮਿਲਕਮੀਨ ਵੈਲੀ ਵਿੱਚ ਜੋ ਬਲਾਕ ਇਸ ਪਾਇਲਟ ਪਰੋਜਕਟ ਵਿੱਚ ਸ਼ਾਮਿਲ ਨਹੀਂ ਸਨ ਉਨਾਂ ਨੂੰ ਵੀ ਇਹ ਟਰੀਟਮੈਂਟ ਏਰੀਆ -ਵਾਈਡ ਮਿਲਦੀ ਰਹੇਗੀ।

ਮੇਟਿੰਗ ਡਿਸਰੱਪਸ਼ਨ ਜਾਂ SIT ਉਦੋਂ ਕੰਮ ਨਹੀਂ ਕਰਨਗੇ ਜਦੋਂ ਵਾਇਲਡ ਕੌਡਲਿੰਗ ਮੌਥ ਦੀ ਆਬਾਦੀ ਬਹੁਤ ਹੋ ਜਾਵੇ।ਸਾਰੇ ਗਰੋਅਰ 1 ਜਾਂ 1 ਤੋਂ ਵੱਧ ਕਵਰ ਸਪਰੇ ਕਰਨ ਜੇਕਰ ਵਾਇਲਡ ਦੀ ਪਾਪੂਲੇਸ਼ਨ ਕਾਫੀ ਵੱਧ ਜਾਵੇ।

## ਮੇਟਿੰਗ ਡਿਸਰੱਪਸ਼ਨ ਕੀ ਹੈ ?

ਮੇਟਿੰਗ ਡਿਸਰੱਪਸ਼ਨ ਇੱਕ ਕੰਟਰੋਲ ਕਰਨ ਦੀ ਸਿੰਥੈਟਿਕ ਵਿਧੀ ਹੈ। ਇਸ ਵਿੱਚੋਂ ਉਹੋ ਜਿਹੀ ਵਾਸ਼ਨਾ ਆਉਂਦੀ ਹੈ ਜਿਹੋ ਜਿਹੀ ਮਾਦਾ ਮੱਖੀ ਵਿੱਚੋਂ ਆਉਂਦੀਂ ਹੈ। ਖੇਤ ਵਿੱਚ ਪਲਾਸਟਿਕ ਦੀ ਟਿਊਬ ਡਿਸਪੈਂਸਰ ਨੂੰ ਫਰੂਟ ਟਰੀਆਂ ਉੱਪਰ ਉਚਾਈ ਤੇ ਟੰਗ ਦਿੱਤਾ ਜਾਦਾਂ ਹੈ ਰੇਟ/ ਹੈਕਟੇਅਰ ਅਨੁਸਾਰ।

## ਮੇਟਿੰਗ ਡਿਸਰੱਪਸ਼ਨ ਕਿਵੇਂ ਕੰਮ ਕਰਦਾ ਹੈ ?

ਫਿਰੂਮੋਨ ਵਿੱਚ ਕੈਮੀਕਲ ਹੁੰਦੇ ਹਨ। ਜਿਹੋ ਜਿਹੇ ਮਾਦਾ ਮੱਖੀ ਵਿੱਚ ਹੁੰਦੇ ਹਨ।ਜਿਸ ਦੀ ਵਾਸ਼ਨਾ ਨਾਲ ਉਹ ਨਰ ਮੱਖੀ ਨੂੰ ਆਪਣੇ ਵੱਲ ਆਕ੍ਰਿਸ਼ਤ ਕਰਦੀ ਹੈ ਮਿਲਾਪ ਲਈ। ਕੁਦਰਤੀ ਹਾਲਤਾਂ ਵਿੱਚ ਨਰ ਮੱਖੀ ਉੱਡ ਕੇ ਉਸ ਪਾਸੇ ਜਾਂਦਾ ਹੈ ਜਿਸ ਪਾਸੇ ਤੋਂ ਉਸ ਨੂੰ ਸਮਿੱਲ ਆਉਂਦੀ ਹੈ। ਪਰ ਜੇਕਰ ਫਿਰੂਮੋਨ ਔਰਚਡ (ਖੇਤ ) ਵਿੱਚ ਟਰੀਆਂ ਤੇ ਟੰਗੇ ਹੋਣਗੇ ਤੇ ਹਵਾ ਦਾ ਰੁਖ ਉਲਟ ਹੋਵੇ ਤੇ ਇਨਾਂ ਦੀ ਵਾਸ਼ਨਾਂ ਕਾਫੀ ਹੋ ਜਾਵੇ ਤਾਂ ਨਰ (ਮੇਲ) , ਮਾਦਾ (ਫਮਿਲ ) ਦੀ ਤੇ ਫਿਰੂਮੋਨ ਦੀ ਅਸਲੀ ਤੇ ਨਕਲੀ ਸਾਮਿੱਲ ਨੂੰ ਪਹਿਚਾਣ ਨਹੀ ਸਕਦਾ ਕਿ ਕਿਸ ਮਾਦਾ ਦੀ ਆਪਣੀ ਵਾਸ਼ਨਾਂ ਕਿਸ ਤਰਫੋਂ ਆ ਰਹੀ ਹੈ ਜਿਸ ਕਾਰਣ ਨਰ ਮੱਖੀ ਮਾਦਾ ਕੋਲ ਜਾਂ ਤਾਂ ਪਾਹੁੰਚ ਨਹੀਂ ਸਕਦਾ ਜਾਂ ਫਿਰ ਪਾਹੁੰਚਣ ਵਿੱਚ ਲੇਟ ਹੋ ਜਾਂਦਾ ਹੈ।

ਜਿੰਨਾਂ ਬਲਾਕਸ ਵਿੱਚ ਕੌਡਲਿੰਗ ਮੌਥ ਜਾਂ ਲੀਫਰੋਲਰ ਦੀ ਪਾਪੂਲੇਸ਼ਨ ਜ਼ਿਆਦਾ ਹੈ ਉਥੇ MD ਪੂਰੀ ਤਰਾਂ ਅਸਰ ਨਹੀ ਕਰਦੇ। ਫਿਰ ਵੀ ਇਹ ਮਾਦਾ ਤੇ ਨਰ ਮੱਖੀ ਦੇ ਮਿਲਾਪ ਨੂੰ 4-6 ਦਿਨ ਲੇਟ ਕਰ ਦਿੰਦੇ ਹਨ।।ਰਿਸਰਚ ਤੋਂ ਪਤਾ ਲੱਗਾ ਹੈ ਕਿ ਨਰ ਤੇ ਮਾਦਾ ਦੇ ਮਿਲਾਪ ਵਿੱਚ ਦੇਰੀ ਹੋਣ ਕਰਕੇ ਸਾਰੇ ਆਂਡੇ ਹੈਚ ਨਹੀ ਹੁੰਦੇ

ਜਦੋਂ ਕੌਡਲਿੰਗ ਮੌਥ ਦੀ ਪਾਪੂਲੇਸ਼ਨ ਬਹੁਤ ਥੋੜੀ ਹੁੰਦੀ ਹੈ ਜਿਵੇਂ ਹੁਣ ਕਈ ਐਪਲ ਅਤੇ ਪੇਅਰ ਬਲਾਕ ਵਿੱਚ SIR ਦੇ ਪਰੋਗਰਾਮ ਏਰੀਏ ਵਿੱਚ ਹੈ।ਜਿਸ ਨਾਲ ਨਰ ਤੇ ਮਾਦਾ ਦੇ ਮਿਲਾਪ ਵਿੱਚ ਦੇਰੀ ਹੋਣ ਕਾਰਣ ਇਨਾਂ ਦੀ ਆਬਾਦੀ ਘੱਟਦੀ ਹੈ ਤੇ ਫਰੂਟ ਦਾ ਨੁਕਸਾਨ ਘੱਟ ਜਾਦਾਂ ਹੈ ਜਾਂ ਨੁਕਸਾਨ ਹੁੰਦਾ ਨਹੀਂ ਅਤੇ ਕਵਰ ਸਪਰੇ ਦੀ ਵੀ ਲੋੜ ਘੱਟ ਪੈਂਦੀ ਹੈ।

## ਕੀ ਮੇਟਿੰਗ ਡਿਸਰੱਪਸ਼ਨ ਦਾ ਉਵੇਂ ਹੀ ਅਸਰ ਹੁੰਦਾ ਹੈ ਜਿਵੇਂ ਸਟਰਾਇਲ ਮੌਥ ਦਾ?

ਐਗਰੀਕਲਚਰ ਅਤੇ ਐਗਰੀ-ਫੂਡ ਪੈਸੀਫਿਕ ਐਗਰੀ-ਫੂਡ ਰਿਸਰਚ ਸੈਂਟਰ ਨੇ ਦੱਸਿਆ ਹੈ ਕਿ MD ਉਨਾਂ ਹੀ ਕਾਮਯਾਬ ਹੈ ਕੌਡਲਿੰਗ ਮੌਥ ਦੇ ਕੰਟਰੋਲ ਲਈ ਜਿੰਨਾਂ SIT ਸਾਰੇ ਏਰੀਏ ਵਿੱਚ ਮੱਖੀਆਂ ਛੱਡਣ ਨਾਲ ਕੰਟਰੋਲ ਕੀਤਾ ਜਾਦਾਂ ਹੈ। ਇਹ ਸਹੂਲਤ ਸਾਰੇ ਏਰੀਏ ਵਿੱਚ CM ਕੰਟਰੋਲ ਲਈ ਹੋਣੀ ਚਾਹੀਦੀ ਹੈ। ਕੋਈ ਵੀ ਥਾਂ ਬਿਨਾਂ ਕੰਟਰੋਲ ਤੋਂ ਰਹਿਣੀ ਨਹੀਂ ਚਾਹੀਦੀ । ਕਮਰਸ਼ੀਅਲ ਔਰਚਡ ਜਾਂ ਦੂਸਰੇ ਵਿੱਚ ਇੰਨਾਂ ਦੋਨਾਂ ਤਰੀਕਿਆਂ ਨਾਲ ਪਾਪੂਲੇਸ਼ਨ ਘਟਦੀ ਰਹੇਗੀ। ਪਰ ਫਿਰ ਵੀ ਸਪਰੇ ਦੀ ਲੋੜ ਪੈ ਸਕਦੀ ਹੈ ਜੇਕਰ ਦੀ ਪਾਪੂਲੇਸ਼ਨ ਵਧ ਜਾਵੇ ।

## ਮੇਟਿੰਗ ਡਿਸਰੱਪਸ਼ਨ ਦੇ ਫੇਲ ਹੋਣ ਦੇ ਕੀ ਕਾਰਣ ਹਨ?

ਇਸ ਦੇ ਅਸਫਲ ਹੋਣ ਦਾ ਮੁੱਖ ਕਾਰਨ ਹੈ ,ਜੇਕਰ ਕਿਸੇ ਬਲਾਕ ਵਿੱਚ ਦੀ ਪਾਪੂਲੇਸ਼ਨ ਜ਼ਿਆਦਾ ਹੈ ਜਾਂ ਬਾਹਰੋ ਨੇੜੇ ਤੇੜੇ ਕਿਤੋਂ ਮਾਦਾ ਕੌਡਲਿੰਗ ਮੌਥ ਤੇ ਲੀਫਰੋਲਰ ਆ ਜਾਵੇ।ਜਿੱਥੇ ਕਿ ਇੰਨਾਂ ਨੂੰ ਕੰਟਰੋਲ ਕਰਨ ਦਾ ਕੋਈ ਪ੍ਰਬੰਧ ਨਹੀ ਸੀ । ਜਿਸ ਬਲਾਕ ਵਿੱਚ ਪਾਪੂਲੇਸ਼ਨ ਜ਼ਿਆਦਾ ਹੋਵੇ ਉਥੇ ਨਰ ਮੱਖੀ ਨੂੰ ਪਹਿਲੇ 3 ਦਿਨ ਮਾਦਾ ਨੂੰ ਲੱਭਣ ਵਿੱਚ ਕੋਈ ਮੁਸ਼ਕੁਲ ਨਹੀ ਆਉਂਦੀ ਤੇ ਇੰਨਾਂ ਦਾ ਮਿਲਾਪ ਹੋ ਜਾਣ ਨਾਲ ਆਂਡੇ ਦਿੱਤੇ ਜਾਂਦੇ ਹਨ ਤੇ ਉਹ ਸਾਰੇ ਆਂਡੇ ਹੈਚ ਹੋਣ ਨਾਲ ਫਰੂਟ ਦੇ ਨੁਕਸਾਨ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ ।

ਜਿਨਾਂ ਬਲਾਕਸ ਵਿੱਚ ਕੰਟਰੋਲ ਦਾ ਬੰਦੋਬਸਤ ਨਹੀ ਹੁੰਦਾ ਉਥੋਂ ਮਾਦਾ ਮੱਖੀ ਉੱਡ ਕੇ ਕੰਟਰੋਲ ਕੀਤੇ ਬਲਾਕ ਵਿੱਚ ਆਕੇ ਆਂਡੇ ਦੇ ਸਕਦੀ ਹੈ ।ਜਿਸ ਨਾਲ ਫਰੂਟ ਦਾ ਨੁਕਸਾਨ ਵੱਧ ਹੁੰਦਾ ਹੈ ।ਮੇਟਿੰਗ ਡਿਸਰੱਪਸ਼ਨ ਬਾਹਰ ਤੋਂ ਮਾਦਾ ਮੱਖੀ ਨੂੰ ਆਉਣੋ ਰੋਕ ਨਹੀ ਸਕਦਾ । ਇਸ ਲਈ ਹਰ ਏਰੀਆ ਵਾਈਡ ਮੇਟਿੰਗ ਡਿਸਰੱਪਸ਼ਨ ਨਾਲ ਕੰਟਰੋਲ ਹੋਣਾ ਚਾਹੀਦਾ ਹੈ। ਕੋਡਲਿੰਗ ਮੋਥ ਫਾਰਮ ਦੇ ਹੋਰ ਸਾਮਾਨ ਵਿੱਚ ਵੀ ਹੋ ਸਕਦੀ ਹੈ ਜਿਵੇਂ ਲੱਕੜ ਦੀਆਂ ਪੌੜੀਆਂ , ਪੋਲ, ਬਿੰਨ ਅੱਗ ਵਾਲੀ ਲੱਕੜ (ਫਾਇਰ ਵੁੱਡ) ਫਾਰਮ ਦੀ ਮਸ਼ੀਨਰੀ ਵਿੱਚ । ਲੀਫਰੋਲਰ ਜਦੋਂ ਛੋਟਾ ਜਿਹਾ ਸੁੰਡ ਹੁੰਦਾ ਹੈ ।ਉਦੋਂ ਇਹ ਹਵਾ ਨਾਲ ਹੋਰ ਥਾਂ ਤੇ ਆ ਜਾ ਸਕਦਾ ਹੈ।ਜਿੱਥੇ ਇਸ ਦੀ ਰੋਕਥਾਮ ਤੋਂ ਕੁਝ ਨਹੀਂ ਕੀਤਾ ਜਾਂਦਾ ।ਜਿਵੇਂ ਫਲਦਾਰ ਦਰੱਖਤ, ਬੇਰੀਆਂ,ਔਰਨਾਮੈਂਟਲ ਟਰੀ ਅਤੇ ਸ਼ਰੱਬ ਆਦਿ ਤੋਂ।

**ਕਦੋਂ ਤੇ ਕੌਣ ਮੇਟਿੰਗ ਡਿਸਰੱਪਸ਼ਨ ਡਿਸਪੈਂਸਰ ਅਤੇ ਫਿਰੂਮੌਨ ਟਰੈਪਸ ਲਗਾਵੇਗਾ ?**

ਸਟਾਫ ਪਰੋਗਰਾਮ SIR ਵਾਲੇ ਇਹ ਕੰਮ ਕਰਨਗੇਇਕ ਸਿੰਗਲ ਫੁਲ-ਰੇਟ 750 ਆਈਸੋਮੇਟ CM/LR TT ਡਿਸਪੈਂਸਰ/ ਹੈਕਟੇਅਰ ਸਾਰੇ ਐਪਲ ਤੇ ਪੇਅਰ ਬਲਾਕ ਵਿੱਚ ਅਪ੍ਰੈਲ ਤੇ ਮਈ ਦੇ ਸ਼ੁਰੂ ਵਿੱਚ ਕੋਡਲਿੰਗ ਮੋਥ ਮੱਖੀ ਦੇ ਉਡਣ ਤੋਂ ਪਹਿਲਾਂ ਲਾਏ ਜਾਣਗੇ। ਸ਼ੁਰੂਆਤ ਪੀਚਲੈਂਡ ਉਯਾਮਾ ਤੋਂ ਕੀਤੀ ਜਾਵੇਗੀ ਤੇ ਨੌਰਥ ਤੋਂ ਸੈਲਮਨਆਰਮ ਤੱਕ ਲਾਏ ਜਾਣਗੇ । ਹਰ ਇਕ ਬਲਾਕ ਜਿਸ ਵਿੱਚ ਇਹ ਡਿਸਪੈਂਸਰ ਲੱਗੇ ਹੋਣਗੇ ਨੂੰ ਚੈਕ ਕੀਤਾ ਜਾਵੇਗਾ ਕਿ ਡਿਸਪੈਂਸਰ ਸਹੀ ਰੇਟ ਤੇ ਟਰੀ ਦੀ ਸਹੀ ਉਚਾਈ ਤੇ ਲੱਗੇ ਹਨ । ਉਸ ਸਮੇਂ ਐਸ;ਆਈ;ਆਰ ਸਟਾਫ ਗਰੋਅਰਾਂ ਦੇ ਕੋਡਲਿੰਗ ਮੋਥ ਤੇ MD ਦੇ ਕੰਟਰੋਲ ਬਾਰੇ ਸਵਾਲਾਂ ਦੇ ਜਵਾਬ ਦੇਣ ਲਈ ਵੱਖ-ਵੱਖ ਥਾਵਾਂ ਤੇ ਮੀਟਿੰਗਾਂ ਰੱਖਣਗੇ। ਤਰੀਕ,ਸਮਾਂ ਤੇ ਲੋਕੇਸ਼ਨ ਬਾਰੇ ਦੱਸਿਆ ਜਾਵੇਗਾ ਧਿਆਨ ਰੱਖਣਾ।

ਕੁਝ ਥਾਵਾਂ ਤੇ ਜਦੋਂ ਇਹ ਡਿਸਪੈਂਸਰ ਟਰੀ ਤੇ ਟੰਗਣੇ ਹਨ ਉਦੋਂ ਕਈ ਗਰੋਅਰਾਂ ਦੀ ਪਰੂਨਿੰਗ ਨਾ ਮੁਕੀ ਹੋਵੇ ਜੋ ਕਰਮਚਾਰੀ ਇਹ ਡਿਸਪੈਂਸਰ ਟਰੀ ਤੇ ਟੰਗਣਗੇ ਉਹ ਕੋਸ਼ਿਸ਼ ਕਰਨਗੇ ਕਿ ਉਸ ਟਾਹਣੀ ਤੇ ਟੰਗਣ ਜਿਸ ਬਾਰੇ ਉਨਾਂ ਨੂੰ ਲੱਗੇ ਕਿ ਪਰੂਨਿੰਗ ਕਰਨ ਸਮੇਂ ਗਰੋਅਰ ਉਹ ਟਾਹਣੀ ਨਹੀਂ ਕੱਟੇਗਾ। ਜੇਕਰ ਤੁਹਾਨੂੰ ਪਰੂਨਿੰਗ ਕਰਦੇ ਸਮੇਂ ਇਹ ਡਿਸਪੈਂਸਰ ਮਿਲੇ ਤਾਂ ਤੁਸੀਂ ਉਸ ਟਾਹਣੀ ਨੂੰ ਨਾ ਕੱਟਣਾ। ਫਰ ਜੇਕਰ ਤੁਹਾਨੂੰ ਪਰੂਨਿੰਗ ਕਰਦੇ ਸਮੇਂ ਡਿਸਪੈਂਸਰ ਲੱਗੇ ਵਾਲੀ ਟਾਹਣੀ ਕੱਟਣੀ ਪਈ ਤਾਂ ਤੁਸੀਂ ਇਸ ਡਿਸਪੈਂਸਰ ਨੂੰ ਲਾਹ ਕੇ ਧਿਆਨ ਨਾਲ ਕਿਸੇ ਹੋਰ ਟਾਹਣੀ ਤੇ ਟੰਗ ਦੇਣਾ ਕੋਡਲਿੰਗ ਮੋਥ ਦੇ ਕੰਟਰੋਲ ਤੋਂ।

ਫਿਰੂਮੌਨ ਟਰੈਪਸ ਛੇਤੀ ਹੀ ਮੇਟਿੰਗ ਡਿਸਪੈਂਸਰ ਦੇ ਬਾਦ ਲਾ ਦਿੱਤੇ ਜਾਣਗੇ ।ਉਸ ਥਾਂ ਤੇ ਹੀ ਜਿੱਥੇ 2010 ਵਿੱਚ ਵਾਇਲਡ ਕੋਡਲਿੰਗ ਮੋਥ ਟਰੈਪਸ ਲਾਏ ਸਨ।ਇਹ ਇਹ ਟਰੈਪਸ ਫਿਰੂਮੌਨ CM DA ਲੂਅਰ ਨਾਲ ਮਿਲੇ ਹੋਣਗੇ। ਜਿਸ ਨਾਲ ਨਰ ਤੇ ਮਾਦਾ ਦੋਨਾਂ ਕੋਡਲਿੰਗ ਮੋਥ ਨੂੰ ਮੇਟਿੰਗ ਡਿਸਰੱਪਸ਼ਨ ਵੱਲ ਖਿੱਚੇਗੀ।

**ਮੈਨੂੰ ਕਿਵੇਂ ਪਤਾ ਲੱਗੇਗਾ ਕਿ ਕੋਡਲਿੰਗ ਮੋਥ ਤੋਂ ਸਪਰੇ ਮੇਟਿੰਗ ਡਿਸਰੱਪਸ਼ਨ ਦੇ ਨਾਲ ਕੀਤੀ ਜਾ ਸਕਦੀ ਹੈ?**

ਸਾਰੇ ਫਿਰੂਮੌਨ ਟਰੈਪ ਹਫ਼ਤੇ ਵਿੱਚ ਇਕ ਵਾਰ ਚੈਕ ਕੀਤੇ ਜਾਣਗੇ ਅਤੇ ਟਰੈਪ ਵਿੱਚ ਫੜੀਆਂ ਮੱਖੀਆਂ ਦਾ ਰਿਕਾਰਡ ਟਰੈਪ ਦੇ ਥੱਲੇ ਲਿਖਿਆ ਹੋਵੇਗਾ ਤੇ ਰਿਜਲਟ ਐਸ :ਆਈ:ਆਰ ਪਰੋਗਰਾਮ ਦੀ ਵਿਬਸਾਈਟ ਤੋਂ ਪੋਸਟ ਕੀਤੇ ਜਾਣਗੇ ਕਿ ਕਿੰਨੀ ਗਿਣਤੀ ਵਿੱਚ ਮਿਲੀ ਤੇ ਨਾਲ ਨਕਸ਼ਾ ,ਟਰੈਪ ਲੋਕੇਸ਼ਨ ਵੀ ਦਿਖਾਇਆ ਜਾਏਗਾ।ਜੋ ਗਰੋਅਰ ਅਤੇ ਸਲਾਹਕਾਰ ਆਪਣਾ ਈ-ਮੇਲ ਪਤਾ ਦੇਣਗੇ ਉਨਾਂ ਨੂੰ ਹਰ ਹਫ਼ਤੇ ਉਨਾਂ ਦੇ ਔਰਚਡ ਵਿੱਚ ਕਿੰਨੀ ਗਿਣਤੀ ਟਰੈਪ ਵਿੱਚ ਮਿਲੀ ਦੱਸਿਆ ਜਾਏਗਾ। ਐਸ: ਆਈ: ਆਰ ਵਲੋਂ ਜੋ ਕਰਮਚਾਰੀ ਟਰੈਪ ਚੈਕ ਕਰੇਗਾ ,ਉਹ ਜੇਕਰ ਗਰੋਅਰ ਚਾਹੇ ਤਾਂ ਟਰੈਪ ਕਾਊਂਟ-ਸ਼ੀਟ ਗਰੋਅਰ ਨੂੰ ਦੇਵੇਗਾ।ਜਿਹੜੇ ਮੈਂਬਰ ਉਕਆਗਨ ਟਰੀ ਫਰੂਟ ਕੰਪਨੀ ਦੇ ਗਰੋਅਰ ਹਨ ਜਾਂ ਪਰਾਈਵੇਟ ਹਨ ਤੇ ਸਲਾਹਕਾਰ (ਫੀਲਡਪਰਸਨ )ਰੱਖੇ ਹਨ ਉਹ ਉਨਾਂ ਤੋਂ ਸਲਾਹ ਲੈ ਸਕਦੇ ਹਨ ਕਿ ਕਦੋਂ ਕੋਡਲਿੰਗ ਮੋਥ ਕੰਟਰੋਲ ਤੋਂ ਕਵਰ ਸਪਰੇ ਕਰਨ ਦੀ ਲੋੜ ਹੈ। ਜਿਨਾਂ ਗਰੋਅਰ ਦਾ ਕੋਈ ਸਲਾਹਕਾਰ ਨਹੀਂ ਹੈ ਉਹ ਐਸ;ਆਈ;ਆਰ ਤੋਂ ਸਲਾਹ ਲੈ ਸਕਦੇ ਹਨ।

**ਮੈਂ ਮੇਟਿੰਗ ਡਿਸਰੱਪਸ਼ਨ ਨੂੰ ਲੀਫਰੋਲਰ ਦੇ ਕੰਟਰੋਲ ਲਈ ਕਿਵੇਂ ਵਰਤਣਾ ਹੈ?**

ਗਰੋਅਰ ਹੁਣ ਵੀ ਲੀਫਰੋਲਰ ਨੂੰ ਉਵੇਂ ਹੀ ਕੰਟਰੋਲ ਕਰਨ ਜਿਵੇਂ ਸਪਰਿੰਗ ਪਾਪੂਲੇਸ਼ਨ ਨੂੰ ਕੰਟਰੋਲ ਕਰਦੇ ਹਨ।ਆਈਸੋਮੇਟ CM/LR TT ਨਾਲ ਮਿਲਾਪ ਵਿੱਚ ਦੇਰੀ ਹੋਣ ਕਾਰਣ ਆਂਡਿਆਂ ਦੀ ਗਿਣਤੀ ਘਟੇਗੀ ਜਿਸ ਨਾਲ ਲਾਰਵਾ ਤੇ ਬੱਚਿਆਂ ਦੀ ਗਿਣਤੀ ਵੀ ਘੱਟ ਜਾਏਗੀ । ਖਾਸ ਕਰਕੇ ਉਨਾਂ ਔਰਚਡ ਵਿੱਚ ਜਿੱਥੇ ਲੀਫਰੋਲਰ ਦਾ ਪ੍ਰੈਸ਼ਰ ਘੱਟ ਹੈ।ਪਰ ਜਿਨਾਂ ਗਰੋਅਰ ਦੇ ਔਰਚਡ ਸਿਟੀ ਦੇ ਨੇੜੇ ਹਨ ਉਥੇ ਮਾਦਾ (ਫਮਿਲ) ਲੀਫਰੋਲਰ ਦੇ ਆਉਣ ਦਾ ਖਤਰਾ ਵੱਧ ਹੈ। ਕਿਉਂਕਿ ਮਾਦਾ ਮੱਖੀ ਜੋ ਕੰਟਰੋਲ ਹੇਠ ਬਲਾਕ ਨਹੀਂ ਹਨ ਉਥੋਂ ਆ ਸਕਦੀ ਹੈ ਜਿਵੇਂ ਔਰਨਾਮੈਂਟਲ ਟਰੀ,ਸ਼ਰੱਬ ਆਦਿ ।ਜਿਸ ਨਾਲ ਮੇਟਿੰਗ ਡਿਸਰੱਪਸ਼ਨ ਤੇ ਕਾਫੀ ਬੋਝ ਪਵੇਗਾ।

ਲੀਫਰੋਲਰ ਮੇਟਿੰਗ ਡਿਸਰੱਪਸ਼ਨ ਤੋਂ ਫਾਇਦਾ ਲੈਣਾ ਚਾਹੀਦਾ ਹੈ ਜੋ ਕਿ ਆਈਸੋਮੇਟ CM/LR TT ਦੋਨਾਂ ਤਰਾਂ ਦੇ ਲੀਫਰੋਲਰ ਨੂੰ ਕੰਟਰੋਲ ਕਰਨ ਦਾ ਹਿੱਸਾ ਹੈ। ਗਰੋਅਰ ਮੋਥ ਵਿੱਚ ਧਿਆਨ ਰੱਖਣ ਲਈ ਫਿਰੂਮੌਨ ਟਰੈਪਸ ਜੂਨ ਦੇ ਸ਼ੁਰੂ ਵਿੱਚ ਲਾ ਦੇਣ। ਐਸ ਆਈ: ਆਰ ਫਿਰੂਮੌਨ ਟਰੈਪ ਲੀਫਰੋਲਰ ਕੰਟਰੋਲ ਤੋਂ ਨਹੀ ਲਾਵੇਗਾ। ਜੋ ਗਰੋਅਰ ਉਬਲੀਕਬੈਂਡ ਅਤੇ ਤਿੰਨ ਲਾਇਨਾਂ ਵਾਲੇ ਲੀਫਰੋਲਰ ਮੋਥ ਤੋਂ ਟਰੈਪ ਲਾਉਣਾ ਚਾਹੁੰਦੇ ਹਨ ਉਹ ਆਪਣੇ ਫੀਲਡਪਰਸਨ ਨੂੰ ਇਸ ਬਾਰੇ ਪੁਛਣ ਕਿ ਕਿਵੇਂ ਤੇ ਕਦੋਂ ਇਹ ਟਰੈਪ ਲਾਉਣੇ ਹਨ ਅਤੇ ਕਦੋਂ ਸਪਰੇ ਕਰਨੀ ਹੈ।